ਸੇਵਾ ਵਿਖੇ,

1. ਡਾਇਰੈਕਟਰ,
ਸਕੂਲ ਸਿੱਖਿਆ ਵਿਭਾਗ (ਕਾਲਜਿਜ)/ (ਸੈਕੰਡਰੀ ਸਿੱਖਿਆ),
ਪੰਜਾਬ,ਚੰਡੀਗੜ੍ਹ;
2. ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, (ਤਕਨੀਕੀ ਸਿਖਿਆ ਵਿੰਗ)/ (ਉਦਯੋਗਿਕ ਸਿਖਲਾਈ ਸੰਸਥਾ ਵਿੰਗ),
ਚੰਡੀਗੜ੍ਹ;
3. ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿਖਿਆ,
ਪੰਜਾਬ, ਚੰਡੀਗੜ੍ਹ;
4. ਡਾਇਰੈਕਟਰ,
ਐਸ.ਸੀ.ਈ.ਆਰ.ਟੀ., ਪੰਜਾਬ,
ਚੰਡੀਗੜ੍ਹ।
5. ਡਾਇਰੈਟਰ ਖੇਤੀਬਾੜੀ, ਪੰਜਾਬ,
ਚੰਡੀਗੜ੍ਹ।
6. ਡਾਇਰੈਕਟਰ ਪਸ਼ੂ ਪਾਲਣ ਵਿਭਾਗ,
ਚੰਡੀਗੜ੍ਹ।

ਮੀਮੋ ਨੰਬਰ: 31984-91
ਮਿਤੀ,ਚੰਡੀਗੜ੍ਹ 22/7/2014.

**ਵਿਸ਼ਾ: ਪੋਸਟ-ਮੈਟ੍ਰਿਕ ਸਕਾਲਰਸ਼ਿਪ ਟੂ ਯੋਗ ਐਸ.ਸੀ. ਸਟੂਡੈਂਟਸ (ਕੇਂਦਰੀ ਪ੍ਰਾਯੋਜਿਤ) ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਸੰਸਥਾਵਾਂ/ਕਾਲਜਾਂ ਵਲੋਂ ਬਿਨਾਂ ਫੀਸ ਲਏ ਦਾਖਲਾ ਦੇਣ ਬਾਰੇ।**

ਭਾਰਤ ਸਰਕਾਰ ਵਲੋਂ ਚਲਾਈ ਜਾ ਰਹੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ.ਸਟੂਡੈਂਟਸ ਸਕੀਮ ਅਧੀਨ ਅਨੁਸੂਚਿਤ ਜਾਤੀ ਦੇ ਯੋਗ ਵਿਦਿਆਰਥੀਆਂ ਨੂੰ ਡਿਪਲੋਮਾ, ਸਰਟੀਫਿਕੇਟ, ਡਿਗਰੀ, ਪੋਸਟ ਗਰੈਜੂਏਟ, ਇੰਜਨੀਅਰਿੰਗ, ਮੈਡੀਕਲ, ਵੈਟਰਨਰੀ, ਐਗਰੀਕਲਚਰਲ ਆਦਿ ਕਰ ਰਹੇ ਕੋਰਸਾਂ ਅਧੀਨ ਨਾ-ਮੋੜਨ ਯੋਗ ਫੀਸਾਂ ਅਤੇ ਮੇਨਟੇਨੈਂਸ ਅਲਾਊਂਸ ਦੀ ਪ੍ਰਤੀ ਪੂਰਤੀ ਸਰਕਾਰ ਵਲੋਂ ਕੀਤੀ ਜਾਂਦੀ ਹੈ।

2. ਇਹ ਸਕੀਮ ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਸਮੂਹ ਸੰਸਥਾਵਾਂ/ਕਾਲਜਾਂ, ਵਿਚ ਸਬੰਧਤ ਵਿਭਾਗਾਂ; ਡੀ.ਪੀ.ਆਈ (ਕਾਲਜਿਜ), ਡੀ.ਪੀ.ਆਈ (ਸਕੂਲਜ਼), ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਅਤੇ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ ਦੁਆਰਾ ਲਾਗੂ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ, ਭਲਾਈ ਵਿਭਾਗ ਵਲੋਂ ਆਪਣੇ ਪੱਤਰ ਮਿਤੀ 11-7-2007 ਰਾਹੀਂ ਸਮੂਹ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ "ਕਿ ਸਾਲ 2007-08 ਤੋਂ ਅਨੁਸੂਚਿਤ ਜਾਤੀਆਂ ਦੇ ਯੋਗ ਵਿਦਿਆਰਥੀਆਂ ਤੋਂ ਟਿਊਸ਼ਨ ਫੀਸ ਅਤੇ ਨਾ ਮੋੜਨਯੋਗ ਜ਼ਰੂਰੀ ਫੀਸਾਂ ਨਾ ਲਈਆਂ ਜਾਣ ਅਤੇ ਸਬੰਧਤ ਸੰਸਥਾਵਾਂ ਨੂੰ ਫੀਸਾਂ ਆਦਿ ਦੀ ਪ੍ਰਤੀ ਪੂਰਤੀ ਡਾਇਰੈਕਟਰ, ਭਲਾਈ ਵਿਭਾਗ, ਪੰਜਾਬ ਵਲੋਂ ਕੀਤੀ ਜਾਵੇਗੀ"।

3. ਡਾਇਰੈਕਟਰ, ਭਲਾਈ ਵਿਭਾਗ, ਪੰਜਾਬ ਨੇ ਪੱਤਰ ਮਿਤੀ 29-3-2012 ਰਾਹੀਂ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਲਿਖਿਆ ਸੀ ਕਿ ਕਿਸੇ ਵੀ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥੀ ਪਾਸੋਂ ਦਾਖਲੇ ਸਮੇਂ ਦਾਖਲਾ ਅਤੇ ਟਿਊਸ਼ਨ ਫੀਸ ਨਾ ਲਈ ਜਾਵੇ। ਦਾਖਲਾ ਫੀਸ ਅਤੇ ਟਿਊਸ਼ਨ ਫੀਸ ਦੀ ਰੀ-ਇੰਮਬਰਸਮੈਂਟ ਸਬੰਧਤ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ

ਜਾਵੇਗੀ ਅਤੇ ਵਿਦਿਆਰਥੀ ਵਲੋਂ ਦਾਖਲਾ ਫੀਸ ਅਤੇ ਟਿਊਸ਼ਨ ਫੀਸ ਦੀ ਅਦਾਇਗੀ ਸਬੰਧਤ ਸੰਸਥਾ ਨੂੰ ਕੀਤੀ ਜਾਵੇਗੀ।

4. ਰਾਮਗੜ੍ਹੀਆ ਪਾਲਟੈਕਨਿਕ ਕਾਲਜ, ਫਗਵਾੜਾ ਬਨਾਮ ਪੰਜਾਬ ਸਰਕਾਰ ਸਿਵਲ ਰਿੱਟ ਪਟੀਸ਼ਨ 21682 ਆਫ 2012 ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹੁੱਕਮ ਮਿਤੀ 13-8-2013 ਰਾਹੀਂ ਹੇਠ ਅਨੁਸਾਰ ਆਦੇਸ਼ ਦਿੱਤਾ ਹੈ ਕਿ

**"In view of the aforesaid discussion, all the writ petitions are hereby allowed; impugned letters dated 29.3.2012 and 26.4.2012 are hereby quashed and it is directed that henceforth the amount of fee etc. which is paid by the Central Government to the State Government on account of the fees of the eligible students under the scheme, shall be paid directly to the College and not to be deposited in the accounts of the eligible students."**

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਉਪਰੋਕਤ ਹੁਕਮਾਂ ਦੀ ਪਾਲਣਾ ਹਿੱਤ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ:-

ੳ. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਉਪਰੋਕਤ ਹੁਕਮਾਂ ਦੀ ਪਾਲਣਾ ਕਰਦੇ ਹੋਏ ਡਾਇਰੈਕਟਰ ਭਲਾਈ ਵਿਭਾਗ ਵੱਲੋਂ ਜਰੂਰੀ ਨਾ-ਮੋੜਨ ਯੋਗ ਕੰਪਲਸਰੀ ਫੀਸਾਂ ਦੀ ਪ੍ਰਤੀ-ਪੂਰਤੀ ਵਿਦਿਆਰਥੀਆਂ ਨੂੰ ਕਰਨ ਦੀ ਬਜਾਏ ਸੰਸਥਾ/ਕਾਲਜ ਨੂੰ ਕੀਤੀ ਜਾਵੇਗੀ ਅਤੇ ਮੈਨਟੇਨੈਂਸ ਅਲਾਊਂਸ ਯੋਗ ਵਿਦਿਆਰਥੀਆਂ ਦੇ ਖਾਤੇ ਵਿੱਚ ਜਾਵੇਗਾ।

ਅ. ਸਬੰਧਿਤ ਸੰਸਥਾਵਾਂ/ਕਾਲਜ ਇਨ੍ਹਾਂ ਫੀਸਾਂ ਆਦਿ ਦੀ ਪ੍ਰਤੀ-ਪੂਰਤੀ ਦੇ ਕਲੇਮ ਲਾਗੂ ਕਰਤਾ ਵਿਭਾਗਾਂ (ਡੀ.ਪੀ.ਆਈ. ਸਕੂਲ, ਡੀ.ਪੀ.ਆਈ. ਕਾਲਜ, ਡਾਇਰੈਕਟਰ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟਰੀਅਲ ਟਰੇਨਿੰਗ, ਡਾਇਰੈਕਟਰ ਮੈਡੀਕਲ ਸਿੱਖਿਆ, ਡਾਇਰੈਕਟਰ ਐਸ.ਸੀ.ਈ.ਆਰ.ਟੀ., ਡਾਇਰੈਕਟਰ ਖੇਤੀਬਾੜੀ ਅਤੇ ਡਾਇਰੈਕਟਰ ਪਸ਼ੂ ਪਾਲਣ) ਰਾਹੀਂ ਭਲਾਈ ਵਿਭਾਗ ਨੂੰ ਭੇਜਣਗੇ। ਇਸੇ ਅਧਾਰ ਤੇ ਭਾਰਤ ਸਰਕਾਰ ਤੋਂ ਫੰਡਜ ਪ੍ਰਾਪਤ ਹੋਣ ਤੇ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼ੇਣੀਆਂ, ਭਲਾਈ ਵਿਭਾਗ ਫੀਸਾਂ ਆਦਿ ਸੰਸਥਾਵਾਂ/ਕਾਲਜ ਦੇ ਖਾਤਿਆਂ ਵਿੱਚ ਅਤੇ ਮੈਨਟੇਨੈਂਸ ਅਲਾਊਂਸ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਆਨਲਾਈਨ ਟਰਾਂਸਫਰ ਕਰੇਗਾ।

ੲ. ਸਬੰਧਤ ਸੰਸਥਾਵਾਂ/ਕਾਲਜ ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਯੋਗ ਵਿਦਿਆਰਥੀਆਂ ਨੂੰ ਦਾਖਲ ਕਰਦੇ ਸਮੇਂ ਨਾ-ਮੋੜਨ ਯੋਗ ਜਰੂਰੀ ਫੀਸਾਂ ਆਦਿ ਨਹੀਂ ਲੈਣਗੇ।

**ਡਾਇਰੈਕਟਰ**

ਪਿੱਠ ਅੰਕਣ ਨੰਬਰ: ਮਿਤੀ, ਚੰਡੀਗੜ੍ਹ;

ਉਪਰੋਕਤ ਦਾ ਉਤਾਰਾ ਸੱਕਤਰ ਪੰਜਾਬ ਸਰਕਾਰ,ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਡਾਇਰੈਕਟਰ**

ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ

ਪਿਠ ਅੰਕਣ ਨੰ: 9/1/14-6ਐਮ.ਈ.3/11866-69 ਮਿਤੀ ਚੰਡੀਗੜ੍ਹ: 30-7-14

ਉਤਾਰਾ :-

1. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ, ਫਰੀਦਕੋਟ;
2. ਰਜਿਸਟਰਾਰ, ਗੁਰੂ ਰਵੀਦਾਸ ਆਯੂਰਵੈਦਿਕ ਯੂਨੀਵਰਸਿਟੀ, ਹੁਸ਼ਿਆਰਪੁਰ;
3. ਰਜਿਸਟਰਾਰ, ਪੰਜਾਬ ਨਰਸਿਜ ਰਜਿਸਟ੍ਰੇਸ਼ਨ ਕੌਂਸਲ, ਚੰਡੀਗੜ੍ਹ
4. ਮੈਂਬਰ ਸੈਕਟਰੀ, ਫਕੈਲਟੀ ਆਫ ਆਯੂਰਵੈਦਾ, ਪੰਜਾਬ, ਚੰਡੀਗੜ੍ਹ

ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਪੱਤਰ ਆਪ ਦੀ ਸੰਸਥਾ ਤੋਂ ਮਾਨਤਾ ਪ੍ਰਾਪਤ ਸੰਸਥਾਵਾਂ ਨੂੰ ਪਾਲਣਾ ਹਿੱਤ ਭੇਜਣਾ ਯਕੀਨੀ ਬਣਾਇਆ ਜਾਵੇ ਜੀ।

ਵਾ: ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

ਪਿਠ ਅੰਕਣ ਨੰ: 9/1/14-6ਐਮ.ਈ.3/ 11870 ਮਿਤੀ ਚੰਡੀਗੜ੍ਹ: 30-7-14

ਉਤਾਰਾ ਇਸ ਵਿਭਾਗ ਵਲੋਂ ਮਾਨਤਾ ਪ੍ਰਾਪਤ ਸਾਰੀਆਂ ਮੈਡੀਕਲ, ਡੈਂਟਲ, ਆਯੂਰਵੈਦਿਕ, ਹੋਮੋਪੈਥਿਕ, ਨਰਸਿੰਗ ਅਤੇ ਪੈਰਾ-ਮੈਡੀਕਲ ਸੰਸਥਾਵਾਂ ਦੇ ਮੁੱਖੀਆਂ ਨੂੰ (ਈ-ਮੇਲ /ਵੈਬਸਾਈਟ ਰਾਹੀਂ) ਇੰਨ-ਬਿੰਨ ਪਾਲਣਾ ਹਿਤ ਭੇਜਿਆ ਜਾਂਦਾ ਹੈ।

ਵਾ: ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

Scanned by CamScanner